# ਗੁਰਦੇਵ ਸਿੰਘ

ਐਮ.ਏ., ਐਲ.ਐਲ. ਬੀ.
ਆਈ.ਏ.ਐਸ. (ਰਿਟਾ.)

## ਜਾਣ-ਪਹਿਚਾਣ ਤੇ ਭੂਮਿਕਾ

ਗੁਰਦੇਵ ਸਿੰਘ (ਪੁੱਤਰ ਕਿਹਰ ਸਿੰਘ, ਪੁੱਤਰ ਸੰਤਾ ਸਿੰਘ, ਪੁੱਤਰ ਬੂੜ ਸਿੰਘ, ਪੁੱਤਰ ਵੀਰ ਸਿੰਘ, ਪੁੱਤਰ ਰਣਜੀਤ ਸਿੰਘ, ਪੁੱਤਰ ਕਰਮ ਸਿੰਘ, ਪੁੱਤਰ ਘਣੀਆ ਸਿੰਘ) ਸਾਕਨ ਪਿੰਡ ਘਣੀਆਵਾਲਾ ਦਾ ਜਨਮ 23 ਅਪ੍ਰੈਲ 1931 ਨੂੰ ਉਸਦੇ ਨਾਨਕੇ ਪਿੰਡ ਸਿਰਸੜੀ ਆਸ ਕੌਰ ਉਰਫ ਜਸਮੇਲ ਕੌਰ (ਪੁੱਤਰੀ ਸ਼ਾਮ ਸਿੰਘ ਗਿੱਲ) ਦੇ ਉੱਧਰ ਤੋਂ ਹੋਇਆ। ਗੁਰਦੇਵ ਸਿੰਘ ਦਸਵੀਂ ਤੱਕ ਬਲਬੀਰ ਹਾਈ ਸਕੂਲ, ਫਰੀਦਕੋਟ ਪੜ੍ਹੇ। ਉਹ ਹਰ ਜਮਾਤ ਵਿੱਚ ਪ੍ਰਥਮ ਰਹੇ। ਬਰਿੰਜਿੰਦਰਾ ਕਾਲਜ, ਫਰੀਦਕੋਟ ਵਿਖੇ ਬੀ.ਏ. ਤੱਕ ਪੜ੍ਹਨ ਉਪਰੰਤ ਉਨ੍ਹਾਂ ਨੇ ਐਮ.ਏ., ਐਲ.ਐਲ.ਬੀ., ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ (ਯੂ.ਪੀ.) ਤੋਂ ਕੀਤੀ। ਉਸ ਵਕਤ ਡਾਕਟਰ ਜ਼ਾਕਰ ਹੁਸੈਨ (ਜੋ ਬਾਅਦ ਵਿੱਚ ਭਾਰਤ ਦੇ ਪ੍ਰਧਾਨ ਹੋਏ), ਵਾਈਸ ਚਾਂਸਲਰ ਸਨ ਅਤੇ ਮਹਾਂ-ਪ੍ਰਸਿੱਧ ਵਿਦਿਆ ਸ਼ਾਸਤਰੀ ਪ੍ਰੋਫੈਸਰ ਮੁਹੰਮਦ ਹਬੀਬ, ਡਾਕਟਰ ਨੂਰ-ਅਲ-ਹਸਨ (ਬਾਅਦ ਵਿੱਚ ਭਾਰਤ ਦੇ ਸਿੱਖਿਆ ਮੰਤਰੀ ਤੇ ਗਵਰਨਰ ਪੱਛਮੀ ਬੰਗਾਲ), ਪ੍ਰੋਫੈਸਰ ਸ਼ਿਵ ਦਿਆਲ (ਬਾਅਦ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਲਾਅ ਕਾਲਜ ਦੇ ਮੁਖੀ) ਇਨ੍ਹਾਂ ਦੇ ਨਾਮਵਰ ਅਧਿਆਪਕਾਂ ਵਿੱਚੋਂ ਸਨ।

ਗੁਰਦੇਵ ਸਿੰਘ ਨੇ ਆਪਣੇ ਸਕੂਲ, ਕਾਲਜ ਤੇ ਯੂਨੀਵਰਸਿਟੀ ਦੀ ਹਾਕੀ ਟੀਮਾਂ ਦੀ ਕਪਤਾਨੀ ਕੀਤੀ ਅਤੇ ਸਕੂਲ ਵਿਦਿਆਰਥੀ ਹੁੰਦਿਆਂ, 1946 'ਚ ਲਾਹੌਰ ਵਿਖੇ ਆਲ ਇੰਡੀਆ ਸਕਾਊਟ ਜੰਬੂਰੀ 'ਚ ਸ਼ਿਰਕਤ ਕੀਤੀ। ਕਾਲਜ ਪੜ੍ਹਦਿਆਂ ਉਨ੍ਹਾਂ ਨੇ 1950 ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ, ਜੋ ਉਸ ਸਾਲ ਭੋਪਾਲ ਵਿਖੇ ਹੋਈ, 'ਚ ਭਾਗ ਲਿਆ। ਉਹ ਕਾਲਜ ਸਟੂਡੈਂਟਸ ਯੂਨੀਅਨ ਦੇ ਸਕੱਤਰ ਅਤੇ ਪ੍ਰਧਾਨ ਬਣੇ ਅਤੇ ਕਾਲਜ ਦੇ ਉੱਘੇ ਐਨ.ਸੀ.ਸੀ. ਕੈਡਿਟਾਂ ਵਿੱਚ ਸ਼ੁਮਾਰ ਹੋਏ ਅਤੇ ਕਾਲਜ ਦੀ ਕਈ ਇੱਕ ਸਥਾਨਾਂ ਤੇ ਨੁਮਾਇੰਦਗੀ ਕੀਤੀ। ਉਹ ਅੰਤਰਰਾਸ਼ਟਰੀ ਪੱਧਰ ਤੱਕ ਹਾਕੀ ਖੇਲੇ ਅਤੇ ਕਈ ਇਕ ਖੇਲ ਪ੍ਰਬੰਧਕੀ ਸੰਸਥਾਵਾਂ ਦੇ ਉੱਚਕੋਟੀ ਦੇ ਆਹੁਦੇਦਾਰ ਰਹੇ। ਗੁਰਦੇਵ ਸਿੰਘ ਇੰਟਰਨੈਸ਼ਨਲ ਪ੍ਰਥਮ ਸ਼੍ਰੇਣੀ ਸਪੈਸ਼ਲ ਗਰੇਡ ਹਾਕੀ ਅੰਪਾਇਰ ਹਨ। ਉਨ੍ਹਾਂ ਨੇ ਵਿਸ਼ਵ ਪੱਧਰ ਦੇ ਮੈਚਾਂ ਦੀ ਨਿਗਰਾਨੀ ਕੀਤੀ ਅਤੇ ਉਲੰਪਿਕ, ਵਿਸ਼ਵ ਕੱਪ, ਏਸ਼ਿਆਈ ਖੇਲਾਂ ਅਤੇ ਬਹੁਤ ਸਾਰੇ ਹੋਰ ਹਾਕੀ ਮੁਕਾਬਲਿਆਂ ਤੇ ਬਤੌਰ ਜੱਜ, ਅੰਮਪਾਇਰ ਭਾਗ ਲਿਆ। ਇਨ੍ਹਾਂ ਨੇ ਕਈ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਦੇ ਹਾਕੀ ਮੈਚ ਕਰਵਾਏ ਹਨ।

ਪੜ੍ਹਾਈ ਸੰਪਨ ਕਰਨ ਉਪਰੰਤ ਉਨ੍ਹਾਂ ਨੇ ਪੀ.ਸੀ.ਐਸ. ਦੇ ਇਮਤਿਹਾਨ 'ਚ ਬੈਠ ਕੇ ਪਹਿਲੇ ਚੋਟੀ ਦੇ ਉਮੀਦਵਾਰਾਂ 'ਚ ਸਥਾਨ ਹਾਸਲ ਕੀਤਾ। ਉਹਨਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਬਦੌਲਤ ਉਨ੍ਹਾਂ ਦੀ ਚੋਣ/ਤਰੱਕੀ ਆਈ.ਏ.ਐਸ. 'ਚ ਸਰਬਉੱਚ ਮਿਆਰੀ ਦਰਸਾਉਂਦਿਆਂ ਹੋਈ। ਗੁਰਦੇਵ ਸਿੰਘ ਨੂੰ ਆਪਣੀ ਸਰਵਿਸ ਦੌਰਾਨ ਵੰਗਾਰ ਭਰਪੂਰ ਆਸਾਮੀਆਂ ਲਈ ਚੁਣਿਆ ਤੇ ਲਾਇਆ ਗਿਆ। ਵਾਹਿਗੁਰੂ ਨੇ ਉਨ੍ਹਾਂ ਨੂੰ ਹਰ ਇਕ ਪਦਵੀ ਤੇ ਸਫ਼ਲਤਾ ਤੇ ਨਾਮਵਰੀ ਨਾਲ ਨਿਵਾਜਿਆ। ਪੰਜਾਬ ਦੀਆਂ ਗੰਨਾ ਮਿੱਲਾਂ ਦੇ ਖੇਤਰ 'ਚ ਉਨ੍ਹਾਂ ਨੇ ਨੁਮਾਇਆ ਕਾਮਯਾਬੀ ਲਿਆਂਦੀ। ਉਹ ਨੈਸ਼ਨਲ ਫੈਡਰੇਸ਼ਨ ਆਫ ਕੋਅਪਰੇਟਿਵ ਸ਼ੂਗਰ ਮਿਲਜ਼ ਦੇ ਡਾਇਰੈਕਟਰ ਤੇ ਨੈਸ਼ਨਲ ਹੈਵੀ ਇੰਜੀਨਰਿੰਗ ਕੋਆਪਰੇਟਿਵ, ਪੂਣੇ ਦੇ ਮੀਤ-ਪ੍ਰਧਾਨ ਰਹੇ।

1984 ਵਿੱਚ ਉਹ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਨ ਜਦ ਸਰਕਾਰ ਨੇ ਦਰਬਾਰ ਸਾਹਿਬ ਤੇ ਫੌਜੀ ਹਮਲਾ ਕਰਨ ਦੀਆਂ ਵਿਉਂਤਾਂ ਆਰੰਭੀਆਂ। ਸਰਦਾਰ ਗੁਰਦੇਵ ਸਿੰਘ ਨੇ ਚਿਤਾਵਨੀ ਦਿੱਤੀ ਕਿ ਇਹ ਵਿਉਂਤ ਬੇ-ਲੋੜੀ, ਨਾਵਾਜਬ ਅਤੇ ਅਤਿ-ਗੰਭੀਰ ਸਿੱਟੇ ਉਤਪੰਨ ਕਰੇਗੀ। ਉਸਨੇ ਬੇਬਾਕੀ ਸੁਹਿਰਦਤਾ ਤੇ ਤਰਕ ਸਹਿਤ ਸਪੱਸ਼ਟ ਕਿਹਾ ਕਿ ਪੰਜਾਬ

ਸਮੱਸਿਆ ਰਾਜਨੀਤਕ ਮੁਆਮਲਾ ਹੈ ਅਤੇ ਇਸਦਾ ਹੱਲ ਸਿਆਸੀ ਸੂਝ-ਬੂਝ ਤੇ ਰਾਸ਼ਟਰੀ ਹਿੱਤਾਂ ਨੂੰ ਮੁੱਖ ਰੱਖਦਿਆਂ ਕਰਨਾ ਚਾਹੀਦਾ ਹੈ ਅਤੇ ਸਮੱਸਿਆ ਨੂੰ ਕੇਵਲ ਅਮਨ ਕਾਨੂੰਨ ਜਾਂ ਪ੍ਰਬੰਧਕੀ ਮੱਦ ਨਹੀਂ ਗਰਦਾਨਣਾ ਚਾਹੀਦਾ। ਜਦ ਸਰਕਾਰ ਨੇ ਦਰਬਾਰ ਸਾਹਿਬ ਤੇ ਫੌਜ ਚੜਾਉਣ ਦਾ ਮਨ ਪੱਕਾ ਰੱਖਿਆ ਤਾਂ ਗੁਰਦੇਵ ਸਿੰਘ ਨੇ ਇਸ ਕਾਰਵਾਈ ਨੂੰ ਬੇਲੋੜੀ, ਗੈਰਵਾਜਬ ਅਤੇ ਅਤਿ ਸਿਆਸੀ ਸੰਕੀਰਨਤਾ ਭਰਪੂਰ ਸਮਝਦਿਆਂ ਇਸ ਤੋਂ ਲਾਂਭੇ ਹੋਣਾ ਠੀਕ ਜਾਣਿਆ ਤੇ ਇਸ ਬਾਰੇ ਸਰਕਾਰ ਨੂੰ ਸਪਸ਼ਟ ਸ਼ਬਦਾਂ 'ਚ ਸੂਚਿਤ ਕਰ ਦਿੱਤਾ ਕਿ ਉਹ ਇਸ ਕਾਰਵਾਈ ਦੇ ਭਾਗੀਦਾਰ ਨਹੀਂ ਹੋਣਗੇ।

ਗੁਰਦੇਵ ਸਿੰਘ ਨੇ ਦੁਨੀਆਂ ਦੇ ਹਰ ਮਹਾਂਦੀਪ ਵਿੱਚ ਕਈ ਇਕ ਦੇਸਾਂ ਵਿੱਚ ਕਾਨਫਰੰਸਾਂ, ਸੈਮੀਨਾਰਾਂ ਆਦਿ 'ਚ ਆਪਣੇ ਮੁਲਕ ਦੀ ਨੁਮਾਇੰਦਗੀ ਕੀਤੀ। ਬਹੁਤ ਸਾਰੇ ਦੇਸਾਂ ਦੀਆਂ ਯਾਤਰਾਵਾਂ ਦੇ ਫਲਸਰੂਪ ਉਨ੍ਹਾਂ ਦੇ ਬੋਧਕ, ਮਾਨਸਿਕ ਅਤੇ ਭੂਗੋਲਿਕ ਗਿਆਨ 'ਚ ਘਣਾ ਵਾਧਾ ਹੋਇਆ।

ਗੁਰਦੇਵ ਸਿੰਘ, ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਦੇ ਪ੍ਰਧਾਨ ਹਨ। ਇਹ ਨਾਮਵਰ ਸੁਸਾਇਟੀ ਹੇਠ ਲਿਖੀਆਂ ਪ੍ਰਸਿੱਧ ਵਿੱਦਿਅਕ ਸੰਸਥਾਵਾਂ ਚਲਾ ਰਹੀ ਹੈ।

1) ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ
2) ਗੁਰੂ ਗੋਬਿੰਦ ਸਿੰਘ ਕਾਲਜ (ਲੜਕੀਆਂ ਲਈ), ਚੰਡੀਗੜ੍ਹ
3) ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਫਾਰਮੇਸੀ, ਚੰਡੀਗੜ੍ਹ
4) ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜੀਏਟ ਪਬਲਿਕ ਸਕੂਲ, ਚੰਡੀਗੜ੍ਹ
5) ਸਿੱਖ ਨੈਸ਼ਨਲ ਕਾਲਜ (ਲਾਹੌਰ) ਕਾਦੀਆਂ
6) ਸਿੱਖ ਨੈਸ਼ਨਲ ਕਾਲਜ, ਬੰਗਾ
7) ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ
8) ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਬੰਗਾ

ਸਰਦਾਰ ਗੁਰਦੇਵ ਸਿੰਘ ਸੰਗਤ ਸਾਹਿਬ ਭਾਈ ਫੇਰੂ ਸਿੱਖ ਐਜੂਕੇਸ਼ਨਲ ਸੁਸਾਇਟੀ, ਫਰੀਦਕੋਟ ਦੇ ਵੀ ਪ੍ਰਧਾਨ ਹਨ। ਇਹ ਸੰਸਥਾ ਨਿਮਨ-ਲਿਖਤ ਮਸ਼ਹੂਰ ਤਾਲੀਮੀ ਅਦਾਰਿਆਂ ਦਾ ਪ੍ਰਬੰਧ ਕਰਦੀ ਹੈ। ਗੁਰਦੇਵ ਸਿੰਘ ਦੇ ਪਿਤਾ ਜੀ ਸਰਦਾਰ ਕਿਹਰ ਸਿੰਘ ਵੀ ਇਸ ਸੰਸਥਾ ਦੇ ਟਰੱਸਟੀ ਸਨ।

1) ਸੰਗਤ ਸਾਹਿਬ ਭਾਈ ਫੇਰੂ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਫਰੀਦਕੋਟ
2) ਦਸਮੇਸ਼ ਪਬਲਿਕ ਸਕੂਲ, ਫਰੀਦਕੋਟ
3) ਦਸਮੇਸ਼ ਪਬਲਿਕ ਸਕੂਲ, ਕੋਟਕਪੂਰਾ
4) ਦਸਮੇਸ਼ ਪਬਲਿਕ ਸਕੂਲ, ਬਰਗਾੜੀ
5) ਦਸਮੇਸ਼ ਗਲੋਬਲ ਸਕੂਲ, ਕੋਟਕਪੂਰਾ
6) ਦਸਮੇਸ਼ ਗਲੋਬਲ ਸਕੂਲ, ਬਰਗਾੜੀ
7) ਦਸਮੇਸ਼ ਇੰਸਟੀਚਿਊਟ ਆਫ ਰੀਸਰਚ ਅਤੇ ਡੈਂਟਲ ਸਾਇੰਸਿਜ਼, ਫਰੀਦਕੋਟ
8) ਦਸਮੇਸ਼ ਹਸਪਤਾਲ, ਫਰੀਦਕੋਟ
9) ਦਸਮੇਸ਼ ਇੰਸਟੀਚਿਊਟ ਆਫ ਪੈਰਾ-ਮੈਡੀਕਲ ਸਾਇੰਸਿਜ਼, ਫਰੀਦਕੋਟ
10) ਦਸਮੇਸ਼ ਨਰਸਿੰਗ ਕਾਲਜ, ਫਰੀਦਕੋਟ
11) ਦਸਮੇਸ਼ ਸਕੂਲ ਆਫ ਨਰਸਿੰਗ, ਫਰੀਦਕੋਟ
12) ਦਸਮੇਸ਼ ਫਾਰਮੇਸੀ ਕਾਲਜ, ਫਰੀਦਕੋਟ
13) ਦਸਮੇਸ਼ ਕਾਲਜ ਆਫ ਫਿਜ਼ੀਓਥਰਾਪੀ, ਫਰੀਦਕੋਟ
14) ਦਸਮੇਸ਼ ਪਬਲਿਕ ਸਕੂਲ, ਸਾਦਿਕ

ਗੁਰਦੇਵ ਸਿੰਘ ਇੰਸਟੀਚਿਊਟ ਆਫ ਸਿੱਖ ਸਟੱਡੀਜ਼, ਚੰਡੀਗੜ੍ਹ ਦੇ ਸਰਪ੍ਰਸਤ, ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦੇ ਕਨਵੀਨਰ ਅਤੇ ਵਣਜਾਰੇ ਤੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ ਲਈ ਟਰੱਸਟ ਦੇ ਪ੍ਰਧਾਨ ਰਹੇ ਹਨ।

ਆਲ ਇੰਡੀਆ ਕਾਨਫਰੰਸ ਆਫ ਇੰਟੈਲੈਕਚੂਲਜ਼, ਦਿੱਲੀ (ਅੱਖਲ ਭਾਰਤੀਯ ਬੁਧੀਮਾਨਾਂ ਦੀ ਕਾਨਫਰੰਸ) ਨੇ ਇਕ ਵਿਸ਼ੇਸ਼ ਸਮਾਗਮ, ਜੋ ਡਾਕਟਰ ਏ.ਆਰ. ਕਿਦਵਾਈ, ਗਵਰਨਰ ਹਰਿਆਣਾ ਦੀ ਪ੍ਰਧਾਨਗੀ ਅਧੀਨ 12 ਅਕਤੂਬਰ, 2008 ਨੂੰ ਚੰਡੀਗੜ੍ਹ ਵਿਖੇ ਹੋਇਆ, ਵਿੱਚ ਗੁਰਦੇਵ ਸਿੰਘ ਦੀਆਂ ਸਮਾਜਿਕ, ਵਿੱਦਿਅਕ ਖੇਤਰ ਦੀਆਂ ਕਾਬਲੇਕਦਰ ਉੱਚ ਸੱਤਰੀ ਵਿਸ਼ਾਲ ਭੂਮਿਕਾਵਾਂ ਦਾ ਸਨਮਾਨ ਕਰਦਿਆਂ ਉਨ੍ਹਾਂ ਨੂੰ **ਪੰਜਾਬ ਰਤਨ** ਦੀ ਉਪਾਧੀ ਨਾਲ ਨਿਵਾਜਿਆ। ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਨੇ ਆਪਣੀ 63ਵੀਂ ਸਰਬ ਹਿੰਦ ਵਿਦਿਅਕ ਕਾਨਫਰੰਸ, 2010 ਦੇ ਮੌਕੇ 'ਤੇ ਸਰਦਾਰ ਗੁਰਦੇਵ ਸਿੰਘ ਦਾ ਉਨ੍ਹਾਂ ਦੀਆਂ ਉਪਲਬਧੀਆਂ ਅਤੇ ਕੌਮ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਵਿਸ਼ੇਸ਼ ਸਨਮਾਨ ਕੀਤਾ। ਜਗਤ ਪੰਜਾਬੀ ਸਭਾ, ਕੈਨੇਡਾ, 45 Ray Lawson Blvd Brampton Ontario L6Y 3L4 ਨੇ ਸਰਦਾਰ ਗੁਰਦੇਵ ਸਿੰਘ ਨੂੰ 20 ਫਰਵਰੀ, 2021 ਨੂੰ ਉਨ੍ਹਾਂ ਦੀਆਂ ਨੈਤਿਕ ਕਦਰਾਂ ਹਿੱਤ ਪਾਏ ਵਡਮੁੱਲੇ ਯੋਗਦਾਨ ਅਤੇ ਜ਼ਿਕਰਯੋਗ ਪ੍ਰਾਪਤੀਆਂ ਦੇ ਇਵਜ਼ ਵੱਜੋਂ ਵਿਸ਼ੇਸ਼ ਸਨਮਾਨ ਭੇਂਟ ਕੀਤਾ। ਸਮਾਚਾਰ ਪੱਤਰ 'ਪੰਜਾਬੀ ਜਾਗਰਣ' ਨੇ ਸਤੰਬਰ 18, 2024 ਨੂੰ ਰੈਡੀਸਨ ਹੋਟਲ, ਜ਼ੀਰਕਪੁਰ ਵਿਖੇ **'ਰਤਨ ਪੰਜਾਬ'** ਦੇ ਸਮਾਗਮ ਆਯੋਜਿਤ ਕੀਤਾ। ਉਸ ਵਿੱਚ ਸਰਦਾਰ ਗੁਰਦੇਵ ਸਿੰਘ ਨੂੰ ਸਰਵਉੱਚ ਵਿਦਿਆਦਾਨੀ ਦੇ ਸਨਮਾਨ ਨਾਲ ਨਿਵਾਜਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਰਦਾਰ ਕੁਲਤਾਰ ਸਿੰਘ, ਸਪੀਕਰ, ਪੰਜਾਬ ਵਿਧਾਨ ਸਭਾ ਸਨ। 11-13 ਫਰਵਰੀ 2025 ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਆਯੋਜਿਤ **ਵਿਸ਼ਵ ਪੰਜਾਬੀ ਕਾਨਫਰੰਸ** ਦੇ ਇੱਕ ਵੱਡੇ ਸਮਾਗਮ 'ਚ, ਜਿੱਥੇ ਸਾਬਕਾ ਚੀਫ ਜਸਟਿਸ ਸੁਪਰੀਮ ਕੋਰਟ ਜਗਦੀਸ਼ ਸਿੰਘ ਖੇਹਰ ਮੁੱਖ ਮਹਿਮਾਨ ਸਨ, ਇਨ੍ਹਾਂ ਸ਼ਬਦਾਂ ਰਾਹੀਂ **"ਸਨਮਾਨ ਪੱਤਰ-ਨਿਰਭੈ ਯੋਧਾ:ਗੁਰਦੇਵ ਸਿੰਘ (ਆਈ.ਏ.ਐਸ.)** ਦਰਸਾਕੇ ਨਿਵਾਜਿਆ। ਅਪਰੇਸ਼ਨ ਬਲੂ ਸਟਾਰ ਸਮੇਂ ਆਪ ਜੀ ਨੇ ਇਸ ਗੈਰ ਕਾਨੂੰਨੀ ਕਾਰਵਾਈ ਦਾ ਕਿਸੇ ਵੀ ਰੂਪ ਵਿੱਚ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ। ਸਰਦਾਰ ਗੁਰਦੇਵ ਸਿੰਘ, ਆਈ.ਏ.ਐਸ. ਰਿਟਾਇਰਡ ਦਿਆਲੂ ਸੁਭਾਅ ਦੇ ਮਾਲਕ, ਮੁਸ਼ਕਿਲ ਫੈਸਲੇ ਲੈਣ ਅਤੇ ਦ੍ਰਿੜਤਾ ਨਾਲ ਲਾਗੂ ਕਰਨ ਵਿੱਚ ਯਕੀਨ ਰੱਖਣ ਵਾਲੇ ਇਮਾਨਦਾਰ ਅਤੇ ਨਿਰਪੱਖ ਵਿਹਾਰ ਦੇ ਧਾਰਨੀ ਦੁਰਲੱਭ .ਲੀਡਰਸ਼ਿਪ ਗੁਣਾਂ ਨਾਲ ਭਰਪੂਰ, ਫਰਜ਼ਾਂ ਪ੍ਰਤੀ ਵਚਨਬੱਧ, ਅਨੁਸ਼ਾਸਨ ਨੂੰ ਲਾਗੂ ਕਰਨ ਅਤੇ ਗਲਤ ਕਾਰਜਾਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਜਾਣੀ ਜਾਂਦੀ ਸ਼ਖ਼ਸੀਅਤ ਨੂੰ ਵਾਈਸ ਚਾਂਸਲਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਵਿਰਾਸਤ ਪੰਜਾਬ ਮੰਚ ਸਨਮਾਨਿਤ ਕਰਦਿਆਂ ਅਥਾਹ ਖ਼ੁਸ਼ੀ ਅਤੇ ਮਾਣ ਮਹਿਸੂਸ ਕਰ ਰਹੇ ਹਨ।"

ਗੁਰਦੇਵ ਸਿੰਘ ਦੀ ਸੁਪਤਨੀ ਸੁਰਜੀਤ ਕੌਰ, ਸਰਦਾਰ ਵੀਰ ਸਿੰਘ ਡੋਡ, ਫਰੀਦਕੋਟ ਦੀ ਸਪੁੱਤਰੀ ਤੇ ਸਰਦਾਰ ਕਰਨੈਲ ਸਿੰਘ ਡੋਡ, ਸਾਬਕਾ ਐਮ.ਐਲ.ਏ. ਦੀ ਭਤੀਜੀ ਹੈ। ਗੁਰਦੇਵ ਸਿੰਘ- ਸੁਰਜੀਤ ਕੌਰ ਦੇ ਦੋ ਲੜਕੇ ਅਤੇ ਇੱਕ ਲੜਕੀ ਹਨ। ਇਹ ਸਾਰੇ ਅਮਰੀਕਾ 'ਚ ਆਪੋ ਆਪਣੇ ਕਾਰਜ ਚਲਾ ਰਹੇ ਹਨ।

ਗੁਰਦੇਵ ਸਿੰਘ, ਈਮਾਨਦਾਰ, ਈਰਖਾ ਰਹਿਤ, ਸੁਲਝੇ ਹੋਏ, ਦੂਰ ਦ੍ਰਿਸ਼ਟੀ ਤੇ ਵਿਸ਼ਾਲ ਸੋਚ ਵਾਲੇ, ਫਰਾਖਦਿਲ ਅਸੂਲ-ਪ੍ਰਸਤ ਅਤੇ ਗਰੀਬ ਪਰਵਰ ਮਨੁੱਖ ਹਨ। ਉਨ੍ਹਾਂ ਦਾ ਤਰਜ਼ਿ-ਗੁਫਤਗੂ ਬਾਸਲੀਕਾ ਤੇ ਮਿੱਠਾ ਹੈ। ਹਰ ਇੱਕ ਦੇ ਵਿਚਾਰ ਠਰੰਮੇ ਨਾਲ ਸੁਣਦੇ ਹਨ। ਨਿਰਨਾ ਇਨਸਾਫ਼ਾਨਾ ਢੰਗ ਨਾਲ ਕਰਦੇ ਹਨ। ਪ੍ਰੰਤੂ ਫੈਸਲੇ ਅਨੁਸਾਰ ਅਮਲ ਕਰਵਾਉਣ ਵਿੱਚ ਕੋਈ ਢਿੱਲ-ਮਿੱਸ ਬਰਦਾਸ਼ਤ ਨਹੀਂ ਕਰਦੇ। ਇਨ੍ਹਾਂ ਦਾ ਪਿੰਡ ਤੇ ਇਲਾਕੇ ਪ੍ਰਤੀ ਰਵੱਈਆ ਨਿਮਰਤਾ-ਭਰਪੂਰ, ਸਹਿਯੋਗੀ ਤੇ ਲੋਕ-ਹਿਤੈਸ਼ੀ ਰਿਹਾ ਹੈ। ਮਾਲ, ਵਿਕਾਸ, ਟਰਾਂਸਪੋਰਟ, ਉਦਯੋਗ, ਸਹਿਕਾਰੀ ਖੰਡ ਉਦਯੋਗ ਵਿਭਾਗਾਂ 'ਚ ਉੱਚ ਪਦਵੀਆਂ 'ਤੇ ਡਿਊਟੀ ਕਰਦਿਆਂ ਉਹ ਹਜ਼ਾਰਾਂ ਵਿਅਕਤੀਆਂ ਨੂੰ ਉਪਜੀਵਕਾ ਉਪਲਬਧ ਕਰਾਉਣ 'ਚ ਉਸਾਰੂ ਸਹਾਇਕ ਸਿੱਧ ਹੋਏ।